# ਮਨੀਗ੍ਰਾਮ ਵੱਲੋਂ ਨਿਊਯਾਰਕ, ਨਿਊਜਰਸੀ ਅਤੇ ਸ਼ਿਕਾਗੋ ’ਚ ਮੁਸਲਮਾਨ ਭਰਾਵਾਂ ਲਈ ਮੁਫਤ ਇਫਤਾਰ

ਨਿਊਯਾਰਕ-ਮੁਸਲਮਾਨ ਭਾਈਚਾਰੇ ਦੇ ਪਵਿੱਤਰ ਤਿਉਹਾਰ ਰਮਾਦਾਨ ਮੌਕੇ ਮਨੀਗ੍ਰਾਮ ਵਲੋਂ ਨਿਊਯਾਰਕ, ਸ਼ਿਕਾਗੋ ਅਤੇ ਨਿਊਜਰਸੀ ਵਿਚ ਭੋਜਨ ਨਾਲ ਭਰੇ ਟੱਰਕ ਭੇਜੇ ਜਾਣਗੇ ਜਿਨ੍ਹਾਂ ਰਾਹੀਂ ਮੁਸਲਮਾਨ ਭਰਾਵਾਂ ਨੂੰ ਮੁਫਤ ਇਫਤਾਰ ਦਿੱਤੀ ਜਾਵੇਗੀ। ਰਮਾਦਾਨ ਦੇ ਆਖਰੀ ਦੋ ਵੀਕੈਂਡਾਂ ਦੌਰਾਨ ਮਨੀਗ੍ਰਾਮ ਬਾਂਡ ਵਾਲੇ ਟਰੱਕ ਸ਼ਿਕਾਗੋ, ਬਰੁਕਲਿਨ, ਜੈਕਸਨ ਹਾਈਟਸ, ਹਾਰਲੇਮ, ਨਿਊਯਾਰਕ ਸਿਟੀ ਅਤੇ ਨਿਊਜਰਸੀ ਸਿਟੀ ਇਲਾਕਿਆਂ ’ਚ ਮੁਸਲਮਾਨ ਭਾਈਚਾਰੇ ਨੂੰ ਮੁਫਤ ਇਫਤਾਰ ਵੰਡਣਗੇ।

ਮੁਸਲਿਮ ਭਾਈਚਾਰੇ ਪ੍ਰਤੀ ਆਪਣੇ ਸਤਿਕਾਰ ਅਤੇ ਵਚਨਬੱਧਤਾ ਦੇ ਚਿੰਨ੍ਹ ਵਜੋਂ ਪਹਿਲੇ 500 ਲੋਕਾਂ ਨੂੰ ਮਨੀਗ੍ਰਾਮ ਵਲੋਂ ਮੁਫਤ ਇਫਤਾਰ ਨਾਲ ਨਵਾਜਿਆ ਜਾਵੇਗਾ। ਇਹਨਾਂ ਟਰੱਕਾਂ ਦੇ ਵੱਖ-ਵੱਖ ਥਾਵਾਂ ’ਤੇ ਪਹੁੰਚਣ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੋਵੇਗਾ—

26 ਜੁਲਾਈ, ਇਲਾਸਿਕ ਫਾਊਂਡੇਸ਼ਨ, 300, ਡਬਲਿਊ. ਹਾਈ ਰਿੱਜ ਰੋਡ, ਵਿਲੇ ਪਾਰਕ, ਆਈ.ਐਲ. 60181 (ਫੋਨ-6309418800) ਸਮਾਂ-ਸ਼ਾਮ ਸਾਢੇ ਸੱਤ ਤੋਂ ਨੌਂ ਵਜੇ ਤੱਕ।

27 ਜੁਲਾਈ, ਖਾਨ ਬਾਰਬੀਕਿਊ ਰੇਸਤਰਾਂ, 2401, ਡਬਲਿਊ ਡੇਵਨ ਐਵੇਨਿਊ, ਸ਼ਿਕਾਗੋ, ਆਈ.ਐਲ. 60659 (ਫੋਨ—17732748600) ਸਮਾਂ—ਸ਼ਾਮ ਸਾਢੇ ਸੱਤ ਤੋਂ 9 ਵਜੇ ਤੱਕ।

28 ਜੁਲਾਈ, ਸਾਬਰੀ ਨਿਹਾਰੀ ਅਤੇ ਜਾਮਾ ਮਸਜਿਦ, 2502, ਡਬਲਿਊ.ਡੇਵਨ, ਸ਼ਿਕਾਗੋ, ਆਈ.ਐਲ. 60659 (ਫੋਨ—17734653272) ਸਮਾਂ—ਸ਼ਾਮ ਸਾਢੇ 7 ਤੋਂ 9 ਵਜੇ ਤੱਕ।

2 ਅਗਸਤ, ਜਾਮੀਆ ਮਸਜਿਦ, 294, ਗ੍ਰੋਵ ਸਟ੍ਰੀਟ, ਜਰਸੀ ਸਿਟੀ, ਐੱਨ.ਜੇ. 07302 (ਫੋਨ—12013332500), ਸਮਾਂ—ਸ਼ਾਮ ਸਾਢੇ 7 ਤੋਂ 9 ਵਜੇ ਤੱਕ।

3 ਅਗਸਤ, ਗੁਰਮੇਟ ਸਵੀਟਸ, ਬਰੁਕਲਿਨ, ਐਨਵਾਈ, 1107 ਕੋਨੀ ਆਈਲੈਂਡ ਐਵੇਨਿਊ, ਬਰੁਕਲਿਨ (ਫੋਨ—17184214100) ਸਮਾਂ—ਸ਼ਾਮ ਸਾਢੇ 7 ਤੋਂ 9 ਵਜੇ ਤੱਕ।

4 ਅਗਸਤ, ਗੁਰਮੇਟ ਰੈਸਟੋਰੈਂਟ, 72-08 ਬ੍ਰੋਡਵੇਅ, ਜੈਕਸਨ, ਹਾਈਟਸ, ਐਨ.ਵਾਈ. 11372 (ਫੋਨ—17185338700) ਸਮਾਂ—ਸ਼ਾਮ ਸਾਢੇ 7 ਤੋਂ 9 ਵਜੇ ਤੱਕ।

5 ਅਗਸਤ, ਏ.ਆਰ. ਰਗਮਾਨ ਮਸਜਿਦ, 15 ਵੈਸਟ 29ਵੀਂ ਸਟ੍ਰੀਟ, ਐੱਨ.ਵਾਈ.ਸੀ, ਐਨ.ਵਾਈ. 10016। ਸਮਾਂ—ਸ਼ਾਮ ਸਾਢੇ ਸੱਤ ਤੋਂ 9 ਵਜੇ ਤੱਕ।

6 ਅਗਸਤ, ਅਕਸਾ ਮਸਜਿਦ—ਐਮ.ਜੀ.ਆਈ. ਏਜੰਟ। ਪੈਟੀ ਪੈਰਿਸ ਫੈਸ਼ਨ, 2136, 8ਵੀਂ ਐਵੇਨਿਊ, ਹਾਰਲੇਮ, ਐੱਨ.ਵਾਈ.। 0026 (ਫੋਨ-12123169803), ਸਮਾਂ—ਸ਼ਾਮ 6 ਤੋਂ 9 ਵਜੇ ਤੱਕ।

7 ਅਗਸਤ, ਚਾਂਦ ਰਾਤ—ਐਮ.ਜੀ.ਆਈ. ਏਜੰਟ, ਕੋਨੀ ਆਈਲੈਂਡ ਐਵੇਨਿਊ, ਬਰੁਕਲਿਨ, ਐਨ.ਵਾਈ. 11230। ਸਮਾਂ—ਰਾਤ 10 ਵਜੇ ਤੋਂ 12 ਵਜੇ ਤੱਕ।

ਸੰਸਾਰ ਪੱਧਰ ’ਤੇ ਮਨੀ ਟ੍ਰਾਂਸਫਰ ਕਰਵਾਉਣ ਵਾਲੀ ਕੰਪਨੀ ਮਨੀਗ੍ਰਾਮ ਸੰਸਾਰ ਭਰ ’ਚ ਲੋਕਾਂ ਨੂੰ ਵਿੱਤੀ ਤੌਰ ’ਤੇ ਦੋਸਤਾਂ ਅਤੇ ਪਰਿਵਾਰਾਂ ਨਾਲ ਜੋੜਦੀ ਹੈ। ਈਦ ਅਤੇ ਰਮਾਦਾਨ ਦੇ ਪਵਿੱਤਰ ਮੌਕੇ ਅਮਰੀਕਾ ਅਤੇ ਕੈਨੇਡਾ ’ਚ ਮੀਡੀਆ ਮੁਹਿੰਮ ਹਾਲ ਹੀ ’ਚ ਚਲਾਈ ਸੀ। ਇਸ ਦੇ ਸੀਨੀਅਰ ਮਾਰਕੀਟਿੰਗ ਮੈਨੇਜਰ ਜੈਨਬ ਅਲੀ ਨੇ ਕਿਹਾ ਕਿ ਇਹ ਸਾਡੇ ਮੁਸਲਮਾਨ ਗ੍ਰਾਹਕਾਂ ਲਈ ਪੈਸਾ ਭੇਜਣ ਲਈ ਸਾਲ ਦਾ ਮਹੱਤਵਪੂਰਨ ਸਮਾਂ ਹੈ। ਮਨੀਗ੍ਰਾਮ ਆਪਣੇ ਸੇਵਾ ਨੂੰ ਵਧੀਆ ਅਤੇ ਸਸਤੀਆਂ ਦਰਾਂ ’ਤੇ ਮੁਹੱਈਆ ਕਰਵਾਉਣ ਪ੍ਰਤੀ ਵਚਨਬੱਧ ਹੈ।

# ਕਾਰਜਕਾਰੀ ਅਧਿਕਾਰੀ ਰਿਸ਼ਵਤ ਲੈਣ ਦੇ ਦੋਸ਼ੀ ਕਰਾਰ

ਨਿਊਯਾਰਕ-ਸਥਾਨਕ ਦੱਖਣੀ ਜ਼ਿਲ੍ਹੇ ਦੀ ਅਟਾਰਨੀ ਪ੍ਰੀਤ ਭਰਾਰਾ, ਸਿਹਤ ਅਤੇ ਮਨੁੱਖੀ ਸੇਵਾਵਾਂ ਦੇ ਮਹਿਕਮੇ ਦੇ ਸਪੈਸ਼ਲ ਏਜੰਟ ਇੰਚਾਰਜ ਥਾਮਸ ਕੋਡੋਨੈਲ ਅਤੇ ਅਮਰੀਕੀ ਖੁਫੀਆ ਸੇਵਾ ਦੇ ਨਿਊਯਾਰਕ ਦਫਤਰ ਦੇ ਸਪੈਸ਼ਲ ਏਜੰਟ ਇੰਚਾਰਜ ਸਟੀਵਨ ਹਿਯੂਸ ਨੇ 8 ਵਿਅਕਤੀਆਂ ਵਿਰੁੱਧ ਦੋਸ਼ ਲਗਾਇਆ ਹੈ ਜਿਸ ਅਨੁਸਾਰ ਇਹ ਸਾਰੇ ਲੋਕ ਮੈਨਹਟਨ ਦੀ ਮੈਡੀਕਲ ਕੋਸਟ ਮੈਨੇਜਮੈਂਟ ਕੰਪਨੀ ਦੇ ਕਾਰਜਕਾਰੀ ਅਧਿਕਾਰੀਆਂ ਕੋਲੋਂ ਵਪਾਰ ਨੂੰ ਸੁਰੱਖਿਅਤ ਕਰਨ ਲਈ 2.3 ਮਿਲੀਅਨ ਤੋਂ ਵੀ ਵੱਧ ਰਿਸ਼ਵਤ ਲੈਣ ਦੇ ਦੋਸ਼ੀ ਪਾਏ ਗਏ ਹਨ। ਇਨ੍ਹਾਂ ਦੋਸ਼ੀਆਂ ਵਿਚ ਸ੍ਰਵੇਸ਼ ਧਰਾਇਨ, ਸੰਜੇ ਗੁਪਤਾ, ਵੇਂਕਟ ਅਤਲੁਰੀ, ਰੰਗਰਾਜਨ ਕੁਮਾਰ, ਵਦਨ ਕੁਮਾਰ ਕੋਪਲੇ ਅਤੇ ਡੈਰੇਨ ਸਿਰੀਆਨੀ ਸ਼ਾਮਲ ਹਨ। ਇਨ੍ਹਾਂ ਵਿਚੋਂ ਕੀਥ ਬੁਸ਼, ਅਨਿਲ ਸਿੰਘ, ਧਰਾਇਨ, ਗੁਪਤਾ, ਕੋਪੋਲੇ ਅਤੇ ਸਿਰੀਆਨੀ ਨੂੰ ਨਿਊਜਰਸੀ ਤੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਗ੍ਰਿਫਤਾਰੀ ਤੋਂ ਬਾਅਦ ਇਨ੍ਹਾਂ ਨੇ ਮੈਨਹਟਨ ਦੀ ਸੰਘੀ ਅਦਾਲਤ ਵਿਚ ਜੱਜ ਜੇ.ਐਲ. ਕੋਟ ਸਾਹਮਣੇ ਪੇਸ਼ ਕੀਤਾ ਗਿਆ। ਅਨਿਲ ਸਿੰਘ ਇਸ ਤੋਂ ਪਹਿਲਾਂ ਵੀ ਫਰੌਡ ਦੇ ਮਾਮਲਿਆਂ ਵਿਚ ਦੋਸ਼ੀ ਸਾਬਤ ਹੋ ਚੁੱਕਿਆ ਹੈ। ਬੁਸ਼ ਨੂੰ ਵੀ ਇਕ ਵਾਰੀ ਪਹਿਲਾਂ ਗ੍ਰਿਫਤਾਰ ਕੀਤਾ ਜਾ ਚੁੱਕਿਆ ਹੈ। ਅਤਲੁਰੀ ਅਤੇ ਕੁਮਾਰ ਹਾਲੇ ਗ੍ਰਿਫਤਾਰ ਨਹੀਂ ਕੀਤੇ ਜਾ ਸਕੇ।

ਮੈਨਹਟਨ ਦੀ ਅਟਾਰਨੀ ਪ੍ਰੀਤ ਭਰਾਰਾ ਨੇ ਦੱਸਿਆ ਕਿ ਇਹ 8 ਦੋਸ਼ੀ ਕਈ ਮਿਲੀਅਨ ਡਾਲਰਾਂ ਦੀ ਰਿਸ਼ਵਤ ਲੈਣ ਦੇ ਦੋਸ਼ੀ ਪਾਏ ਗਏ ਹਨ ਜੋ ਉਨ੍ਹਾਂ ਨੇ ਇਕ ਮੈਡੀਕਲ ਕੋਸਟ ਮੈਨੇਜਮੈਂਟ ਕਮੇਟੀ ਨਾਲ ਵਪਾਰ ਕਰਦਿਆਂ ਵਸੂਲੇ ਸਨ। ਇਹ ਦੋਸ਼ੀ ਕਈ ਵਰ੍ਹਿਆਂ ਤੋਂ ਨਕਲੀ ਕੰਪਨੀਆਂ, ਵਹੀਖਾਤਿਆਂ ਅਤੇ ਸਲਾਹਕਾਰ ਸੇਵਾਵਾਂ ਰਾਹੀਂ ਫਰੌਡ ਕਰਦੇ ਆ ਰਹੇ ਹਨ।

ਥਾਮਸ ਓਡੋਨੈਲ ਨੇ ਕਿਹਾ ਕਿ ਇਨ੍ਹਾਂ ਲੋਕਾਂ ਦੇ ਲਾਲਚ ਨੇ ਕੰਪਨੀ ਦੇ ਇਮਾਨਦਾਰ ਕਰਮਚਾਰੀਆਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕੀਤਾ ਹੈ। ਭਰਾਰਾ ਨੇ ਜਾਂਚ ਵਿਚ ਅਮਰੀਕੀ ਖੁਫੀਆ ਸੇਵਾ ਵੱਲੋਂ ਕੀਤੇ ਸ਼ਾਨਦਾਰ ਉਪਰਾਲਿਆਂ ਲਈ ਉਸ ਦੀ ਪ੍ਰਸ਼ੰਸਾ ਕੀਤੀ ਹੈ। ਨਾਲ ਹੀ ਉਨ੍ਹਾਂ ਨੇ ਨਿਊਯਾਰਕ ਦੀ ਉਸ ਕੰਪਨੀ ਦੇ ਸਹਿਯੋਗ ਅਤੇ ਸਹਾਇਤਾ ਲਈ ਵੀ ਉਸਦਾ ਧੰਨਵਾਦ ਕੀਤਾ ਹੈ। ਇਸ ਕੇਸ ਸਬੰਧੀ ਸਾਰੀ ਕਾਰਵਾਈ ਮਹਿਕਮੇ ਦੇ ਕੰਪਲੈਕਸ ਫਰੋਡਸ ਯੂਨਿਟ ਵਲੋਂ ਕੀਤੀ ਜਾ ਰਹੀ ਹੈ।

### ਰਾਮਪੁਰੇ ਦੀ ਮੁਟਿਆਰ ਨੇ ਨਿਊਜਰਸੀ ਇੰਸਟੀਚਿਊਟ ਆਫ ਟੈਕਨਾਲੋਜੀ ਵੱਲੋਂ ਜਿੱਤਿਆ ਪ੍ਰੋਫੈਸਰ ਐਕਸੀਲੈਂਸ ਐਵਾਰਡ

# ਪੰਜਾਬਣ ਨੇ ਅਮਰੀਕਾ ’ਚ ਰਚਿਆ ਇਤਿਹਾਸ

ਰਾਮਪੁਰਾ ਫੂਲ (ਬਠਿੰਡਾ)- ਰਾਮਪੁਰਾ ਫੂਲ ਦੀ ਇਕ ਧੀ ਨੇ ਅਮਰੀਕਾ ਵਿਚ ਪ੍ਰਸਿੱਧ ਪ੍ਰੋਫੈਸਰ ਐਕਸੀਲੈਂਸ ਐਵਾਰਡ ਜਿੱਤ ਕੇ ਇਸ ਸ਼ਹਿਰ ਦਾ ਨਾਂ ਰੌਸ਼ਨ ਕੀਤਾ ਹੈ। ਸਨਅਤਕਾਰ ਸਤੀਸ਼ ਗੁਪਤਾ ਦੀ ਧੀ ਰੂਬਲ ਗੁਪਤਾ ਨੂੰ ਇਹ ਸਨਮਾਨ ਨਿਊਜਰਸੀ ਇੰਸਟੀਚਿਊਟ ਆਫ ਟੈਕਨਾਲੋਜੀ ਵਲੋਂ ਉਸ ਦੀ ਕਾਬਲੀਅਤ ਨੂੰ ਦੇਖਦੇ ਹੋਏ ਦਿੱਤਾ ਗਿਆ ਹੈ।



ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ.ਬੀ.ਏ. ਦੀ ਡਿਗਰੀ ਕਰਨ ਤੋਂ ਬਾਅਦ ਰੂਬਲ ਦਾ ਵਿਆਹ 2010 ਵਿਚ ਅਮਰੀਕਾ ਦੇ ਨਿਊਜਰਸੀ ਰਹਿਣ ਵਾਲੇ ਸੂਬਸੰਨ ਮਿੱਤਲ ਨਾਲ ਹੋਇਆ ਸੀ। ਅਮਰੀਕਾ ਜਾਣ ਤੋਂ ਬਾਅਦ ਰੂਬਲ ਪਹਿਲਾਂ ਤਾਂ ਸਾਧਾਰਨ ਘਰੇਲੂ ਔਰਤ ਦੇ ਰੂਪ ਵਿਚ ਹੀ ਰਹੀ। ਪਰ ਬਾਅਦ ਵਿਚ ਉਸ ਨੇ ਘਰ ਬੈਠਿਆਂ-ਬੈਠਿਆਂ ਇੰਟਰਨੈਟ ਦੀ ਮਦਦ ਨਾਲ ਤਿਆਰੀ ਕਰਕੇ ਨਿਊਜਰਸੀ ਇੰਸਟੀਚਿਊਟ ਆਫ ਟੈਕਨਾਲੋਜੀ ਦਾ ਐਂਟਰੈਂਸ ਟੈਸਟ ਪਾਸ ਕਰਕੇ ਯੂਨੀਵਰਸਿਟੀ ਵਿਚ ਮਾਸਟਰ ਆਫ ਬਿਜ਼ਨਸ ਦੀ ਡਿਗਰੀ ਵਿਚ ਦਾਖਲਾ ਲਿਆ। ਇਸ ਕੋਰਸ ਦੀ ਪੜ੍ਹਾਈ ਦੌਰਾਨ ਪਹਿਲੇ 3 ਸਮੈਸਟਰਾਂ ਵਿਚ ਰੂਬਲ ਨੇ 97 ਫੀਸਦੀ ਤੋਂ ਵਧ ਅੰਕ ਹਾਸਲ ਕੀਤੇ ਹਨ।

ਪੜ੍ਹਾਈ ਦੌਰਾਨ ਉਸ ਦੀ ਕਾਬਲੀਅਤ ਨੂੰ ਦੇਖਦਿਆਂ ਯੂਨੀਵਰਸਿਟੀ ਨੇ ਉਸ ਨੂੰ ਪ੍ਰੋਫੈਸਰ ਐਕਸੀਲੈਂਸ ਐਵਾਰਡ ਨਾਲ ਸਨਮਾਨਿਤ ਕੀਤਾ। ਰੂਬਲ ਦੀ ਇਸ ਸਫਲਤਾ ਦੀ ਜਾਣਕਾਰੀ ਮਿਲਦਿਆਂ ਹੀ ਪੂਰੇ ਰਾਮਪੁਰਾ ਫੂਲ ਵਿਚ ਜਸ਼ਨ ਦਾ ਮਾਹੌਲ ਬਣ ਗਿਆ।

ਪੰਜਾਬ ਦੇ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਅਤੇ ਨਗਰ ਕੌਂਸਲ ਦੇ ਪ੍ਰਧਾਨ ਹੈਪੀ ਬਾਂਸਲ ਨੇ ਵੀ ਰੂਬਲ ਗੁਪਤਾ ਦੀ ਇਸ ਪ੍ਰਾਪਤੀ ’ਤੇ ਖੁਸ਼ੀ ਜ਼ਾਹਿਰ ਕੀਤੀ ਹੈ।

# ਸਮ- ਲਿੰਗੀ ਵਿਆਹ ਕਾਨੂੰਨ ’ਤੇ ਸਿੱਖਾਂ ਵੱਲੋਂ ਇਤਰਾਜ਼

ਲੰਦਨ-ਯੂ.ਕੇ. ਵਿਚ ਸਮਾਨ ਲਿੰਗ ਵਿਆਹ ਕਾਨੂੰਨ ; ਜਿਸ ਨੂੰ ਬੀਤੇ ਦਿਨੀਂ ਹੀ ਸ਼ਾਹੀ ਸਹਿਮਤੀ ਮਿਲੀ ਹੈ ’ਤੇ ਸਿੱਖ ਭਾਈਚਾਰੇ ਨੇ ਰੋਹ ਦਾ ਪ੍ਰਗਟਾਵਾ ਕੀਤਾ ਹੈ। ਸਿੱਖਾਂ ਨੂੰ ਡਰ ਹੈ ਕਿ ਭਵਿੱਖ ’ਚ ਕਾਨੂੰਨੀ ਚੁਣੌਤੀਆਂ ਉਨ੍ਹਾਂ ਨੂੰ ਵੀ ਸਮਾਨ ਲਿੰਗ ਵਿਆਹ ਕਰਨ ਲਈ ਮਜਬੂਰ ਕਰ ਸਕਦੀਆਂ ਹਨ। ਇਕ ਸਪੈਸ਼ਲ ਐਡਵਾਈਜ਼ਰੀ ਬੋਰਡ ਨੇ ਇੰਗਲੈਂਡ ਦੇ ਸਿੱਖ ਗੁਰਦੁਆਰਿਆਂ ਨੂੰ ਸਾਰੇ ਸਿਵਿਲ ਮੈਰਿਜ ਸਮਾਰੋਹਾਂ ’ਤੇ ਰੋਕ ਲਗਾਉਣ ਲਈ ਕਿਹਾ ਹੈ। ਇਸ ਸਲਾਹ ਨੂੰ ਕਾਫੀ ਗੰਭੀਰਤਾ ਨਾਲ ਲਿਆ ਗਿਆ ਹੈ ਅਤੇ ਸਿੱਖ ਜੋੜਿਆਂ ਨੂੰ ਆਸ ਹੈ ਕਿ ਗੁਰਦੁਆਰਿਆਂ ਵਲੋਂ ਉਨ੍ਹਾਂ ਦੇ ਇਕ ਚਰਣ ਵਾਲੇ ਵਿਆਹ ਦੀ ਮਾਨਤਾ ਦੇ ਉਲਟ ਉਨ੍ਹਾਂ ਨੂੰ ਇਸ ਕਾਨੂੰਨ ਅਧੀਨ ਦੋ ਰਸਮਾਂ ਕਰਨ ਲਈ ਮਜਬੂਰ ਹੋਣਾ ਪਵੇਗਾ।

ਇਸ ਵਿਆਹ ਕਾਨੂੰਨ ਵਿਚ ਕਾਨੂੰਨੀ ਸੁਰੱਖਿਆ ਦਾ ‘ਕੁਆਡਰੱਪਲ ਲੌਕ’ ਹੈ ਜੋ ਇਹ ਯਕੀਨੀ ਬਣਾਉਂਦਾ ਹੈ ਕਿ ਵੱਖ-ਵੱਖ ਭਾਈਚਾਰਕ ਸਮੂਹਾਂ ਨੂੰ ਸਮਾਨ ਲਿੰਗ ਵਿਆਹ ਲਈ ਮਜਬੂਰ ਨਹੀਂ ਕੀਤਾ ਜਾਵੇਗਾ। ਹਾਊਸ ਆਫ ਲਾਰਡਸ ’ਚ ਆਪਣੇ ਇਕ ਬਿਆਨ ’ਚ ਸਿੱਖ ਜਥੇਬੰਦੀਆਂ ਦੇ ਨੈਟਵਰਕ ਦੇ ਡਾਇਰੈਕਟਰ ਲਾਰਡ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਹੈ ਕਿ ਇਹ ‘ਕੁਆਡਰੱਪਲ ਲੌਕ’ ਅਸਰਦਾਇਕ ਸਿੱਧ ਹੋਵੇਗਾ। ਉਨ੍ਹਾਂ ਕਿਹਾ ਕਿ ਜੇ ਯੂਰੋਪੀਅਨ ਕੋਰਟ ਆਫ ਹਿਊਮਨ ਰਾਈਟਸ ਇਸ ਸਮਾਨ ਲਿੰਗ ਵਿਆਹ ਮਾਮਲੇ ’ਚ ਸ਼ਮੂਲੀਅਤ ਕਰਦੀ ਹੈ ਤਾਂ ਕੋਈ ਵੀ ਨਹੀਂ ਜਾਣ ਸਕੇਗਾ ਕਿ ਕੀ ਹੋਵੇਗਾ?

ਚਰਚਾ ਅਤੇ ਦੂਜੀਆਂ ਧਾਰਮਿਕ ਜਥੇਬੰਦੀਆਂ ਵਾਂਗ ਗੁਰਦੁਆਰਿਆਂ ਨੂੰ ਵੀ ਵਰਤਮਾਨ ’ਚ ਵਿਆਹ ਕਰਵਾਉਣ ਲਈ ਲਾਇਸੈਂਸ ਮਿਲੇ ਹੋਏ ਹਨ ਜਿਸ ਦਾ ਯੂ.ਕੇ. ਵਿਚ ਅਰਥ ਹੈ ਕਿ ਉਹ ਧਾਰਮਿਕ ਰੀਤੀ-ਰਿਵਾਜਾਂ ਨਾਲ-ਨਾਲ ਨਾਗਰਿਕ ਕਾਗਜ਼ੀ ਕਾਰਵਾਈ ਵੀ ਕਰ ਸਕਦੇ ਹਨ। ਜੇ ਕੋਈ ਗੁਰਦੁਆਰਾ ਐਡਵਾਈਜ਼ਰੀ ਬੋਰਡ ਦੀ ਨਵੀਂ ਸਲਾਹ ਨੂੰ ਮੰਨਦਾ ਹੈ ਤਾਂ ਇਹ ਬੁਨਿਆਦੀ ਤੌਰ ’ਤੇ ਆਪਣੇ ਵਿਆਹ ਸਮਾਰੋਹ ਨੂੰ ਪੂਰੀ ਤਰ੍ਹਾਂ ਪ੍ਰਤੀਕਾਤਮਕ ਮੰਨੇਗਾ ਜੋ ਨਵਵਿਆਹੁਤਾ ਜੋੜੇ ਲਈ ਡੂੰਘੇ ਤੌਰ ’ਤੇ ਅਸੁਵਿਧਾਜਨਕ ਹੋਵੇਗਾ।

# ਭਾਰਤੀ ਮਹਿਲਾ ਵਿਗਿਆਨੀ ਦੀ ਜ਼ਿੰਦਗੀ ’ਤੇ ਬ੍ਰਿਟੇਨ ’ਚ ਪ੍ਰਦਰਸ਼ਨੀ


ਲੰਡਨ-ਭਾਰਤ ’ਚ ਪੈਦਾ ਹੋਈ ਵਿਗਿਆਨੀ ਸੁਨੇਤਰਾ ਗੁਪਤਾ ਦੀ ਜ਼ਿੰਦਗੀ ’ਤੇ ਰਾਇਲ ਸੁਸਾਇਟੀ ’ਚ ਇਕ ਪ੍ਰਦਰਸ਼ਨੀ ਲਗਾਈ ਗਈ। ਸੁਨੇਤਰਾ ਦਾ ਨਾਂ ਉਨ੍ਹਾਂ ਉੱਚ ਮਹਿਲਾ ਵਿਗਿਆਨੀਆਂ ਵਿਚ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ ਵਿਚ ਮਾਦਾਮ ਮੇਰੀ ਕਿਊਰੀ ਵੀ ਸ਼ਾਮਲ ਹਨ। ਪ੍ਰਦਰਸ਼ਨੀ ਦਾ ਨਾਂ ‘ਵੂਮਨ ਇਨ ਸਾਇੰਸ ਪੋਰਟ੍ਰੇਟ ਐਗਜ਼ੀਬੀਸ਼ਨ’ ਹੈ। ਸੁਨੇਤਰਾ ਦਾ ਜਨਮ ਕੋਲਕਾਤਾ ਵਿਚ ਹੋਇਆ ਸੀ ਅਤੇ ਹੁਣ ਉਹ ਆਕਸਫੋਰਡ ਯੂਨੀਵਰਸਿਟੀ ਵਿਚ ਮਹਾਮਾਰੀ ਵਿਗਿਆਨ ਦੀ ਪ੍ਰੋਫੈਸਰ ਹੈ।

# ਅਮਰੀਕਾ ’ਚ ਭਾਰਤੀ ਡਾਕਟਰ ਨੂੰ 2 ਸਾਲ ਦੀ ਜੇਲ੍ਹ

ਵਾਸ਼ਿੰਗਟਨ-ਅਮਰੀਕਾ ਦੇ 2 ਸੂਬਿਆਂ ਵਿਚ ਵਜ਼ਨ ਘੱਟ ਕਰਨ ਦੇ ਕਲੀਨਿਕ ਚਲਾਉਣ ਵਾਲੇ ਇਕ ਭਾਰਤੀ ਡਾਕਟਰ ਨੂੰ 2 ਸਾਲ ਦੀ ਜੇਲ੍ਹ ਸੁਣਾਈ ਗਈ ਹੈ। ਉਸ ’ਤੇ ਮਰੀਜ਼ਾਂ ਨੂੰ ਐਮਫੈਟਮਾਈਨ ਆਧਾਰਿਤ ਲੱਖਾਂ ਗੋਲੀਆਂ ਗੈਰ-ਕਾਨੂੰਨੀ ਰੂਪ ਨਾਲ ਦੇਣ ਦਾ ਦੋਸ਼ ਸੀ। ਡਾਕਟਰ ਦੀ ਪਤਨੀ ’ਤੇ ਵੀ ਇਨਕਮ ਟੈਕਸ ਕਾਨੂੰਨ ਦੀ ਉਲੰਘਣਾ ਦਾ ਦੋਸ਼ ਲਗਾਇਆ ਗਿਆ ਹੈ। ਉਸ ਨੂੰ 1 ਲੱਖ ਡਾਲਰ ਦਾ ਜੁਰਮਾਨਾ ਹੈ ਅਤੇ 1 ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਡਾਕਟਰ ਰਾਕੇਸ਼ ਆਨੰਦ (57) ਅਤੇ ਉਸ ਦੀ ਪਤਨੀ ਮੀਨਾ ਆਨੰਦ (55) ਦੇ ਅਮਰੀਕੀ ਸੂਬਿਆਂ ਇੰਡੀਆਨਾ ਅਤੇ ਇਲੀਨੋਏ ਵਿਚ ਕਲੀਨਿਕ ਹਨ। ਇਨ੍ਹਾਂ ਕਲੀਨਿਕਾਂ ਵਿਚ ਮਾਰੇ ਗਏ ਛਾਪਿਆਂ ਦੌਰਾਨ 52 ਲੱਖ ਡਾਲਰ ਬਰਾਮਦ ਹੋਏ ਸਨ।

# ਲੰਡਨ ਵਿਚ ਭਾਰਤੀ ਪ੍ਰੋਫੈਸਰ ਸਨਮਾਨਤ

ਲੰਡਨ-ਵਿਲੀਅਮ ਸ਼ੇਕਸਪੀਅਰ ਦੀ 38 ਕ੍ਰਿਤੀਆਂ ਦਾ ਪੰਜਾਬੀ ਵਿਚ ਅਨੁਵਾਦ ਕਰਨ ਵਾਲੇ ਭਾਰਤੀ ਪ੍ਰੋਫੈਸਰ ਸੁਰਜੀਤ ਹੰਸ ਨੂੰ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਨੂੰ ਕਵੀ ਏ-ਵੰਨ ਦੀ ਤਸਵੀਰ ਭੇਂਟ ਕੀਤੀ ਗਈ। ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਇਤਿਹਾਸ ਦੇ ਪ੍ਰੋਫੈਸਰ ਹੰਸ ਨੂੰ ਸਨਮਾਨ ਇਲਿੰਗ ਦੇ ਮੇਅਰ ਕਮਲਜੀਤ ਢੀਂਡਸਾ, ਲੇਬਰ ਪਾਰਟੀ ਦੇ ਉਪ ਨੇਤਾ ਰਣਜੀਤ ਧੀਰ ਨੇ ਪ੍ਰਦਾਨ ਕੀਤਾ।



### ਏਅਰ ਇੰਡੀਆ ਦੀ ਪੇਸ਼ਕਸ਼

# ਟਾਈਮਸ ਸਕੁਏਅਰ ’ਤੇ ਦੀਵਾਲੀ

## ਇਤਿਹਾਸ ’ਚ ਪਹਿਲੀ ਵਾਰ ਭਾਰਤੀ ਨਵਾਂ ਸਾਲ ਟਾਈਮਸ ਸਕੁਏਅਰ ਵਿਖੇ ਮਨਾਇਆ ਜਾ ਰਿਹੈ

ਨਿਊਯਾਰਕ-ਸੰਸਾਰ ਦੇ ਏਸ਼ੀਆਈ ਭਾਰਤੀਆਂ ਲਈ ਦੀਪਾਂ ਦਾ ਤਿਉਹਾਰ ਦੀਵਾਲੀ ਬਹੁਤ ਮਹੱਤਵਪੂਰਨ ਰੱਖਦਾ ਹੈ। 22 ਸਤੰਬਰ 2013 ਨੂੰ ਦੀਵਾਲੀ ਦਾ ਤਿਉਹਾਰ ਪਹਿਲੀ ਵਾਰ ਟਾਈਮਸ ਸਕੁਏਅਰ ਵਿਖੇ ਮਨਾਇਆ ਜਾਵੇਗਾ। ਇਹ ਹਰ ਉਮਰ ਦੇ ਲੋਕਾਂ ਲਈ ਆਨੰਦ, ਖਾਣ-ਪੀਣ ਅਤੇ ਜਸ਼ਨ ਦਾ ਦਿਨ ਹੈ। ਇਹ ਸ਼ਾਨਦਾਰ ਸਮਾਰੋਹ ਸੰਸਾਰ ਪ੍ਰਸਿੱਧ ਟਾਈਮਸ ਸਕੁਏਅਰ ਵਿਖੇ ਭਾਰਤ ਦੇ ਅਮੀਰ ਸੱਭਿਆਚਾਰ, ਵਿਰਸੇ ਅਤੇ ਵੱਖਰਤਾ ਪੇਸ਼ ਕਰੇਗਾ। ਦੁਪਹਿਰ ਵੇਲੇ ਇਕ ਸੱਭਿਆਚਾਰਕ ਪ੍ਰੋਗਰਾਮ ਹੋਵੇਗਾ ਜਿਸ ’ਚ ਭਾਰਤੀ ਭੋਜਨ, ਡਾਂਸ ਕਲਾਸਾਂ, ਦੀਆ/ਰੰਗੋਲੀ ਪੇਂਟਿੰਗ, ਭਾਰਤੀ ਕਲਾ ਅਤੇ ਦਸਤਕਾਰੀ, ਫੈਸ਼ਨ ਸ਼ੋਅ, ਪਰੰਪਰਕ ਪਹਿਰਾਵੇ ਨਾਲ ਫੋਟੋ ਸ਼ੂਟ, ਸੈਲਿਬ੍ਰਿਟੀਆਂ ਦੇ ਆਟੋਗ੍ਰਾਫ/ਫੋਟੋ ਬੂਥ ਅਤੇ ਹੋਰ ਬਹੁਤ ਕੁਝ ਸ਼ਾਮਲ ਹੋਵੇਗਾ।

DIWALI AT TIMES SQUARE 2013

ਸ਼ਾਮ ਵੇਲੇ ਟਾਈਮ ਸਕੁਏਅਰ ’ਤੇ ਰੌਸ਼ਨੀ ਦੀ ਜਗਮਗਾਹਟ ਨਾਲ ਸਮਾਰੋਹ ਜਾਰੀ ਰਹੇਗਾ ਅਤੇ ਮਨੋਰੰਜਨ ਜਗਤ ਦੀਆਂ ਨਾਮੀ ਹਸਤੀਆਂ ਵਲੋਂ ਇਕ ਕੰਸਰਟ ਪੇਸ਼ ਕੀਤਾ ਜਾਵੇਗਾ। ਕੰਸਰਟ ’ਚ ਵੱਡੀਆਂ ਸਕ੍ਰੀਨਾਂ ’ਤੇ ਲੇਜ਼ਰ ਲਾਈਟ ਸ਼ੋਅ ਅਤੇ ਆਤਿਸ਼ਬਾਜ਼ੀ ਵੀ ਦਿਖਾਈ ਜਾਵੇਗੀ ਜੋ ਇਕ ਵਿਲੱਖਣ ਤਜ਼ਰਬਾ ਹੋਵੇਗਾ।

ਇਸ ਸਮਾਰੋਹ ਦਾ ਆਯੋਜਨ ਏ.ਐਸ.ਬੀ. ਕਮਿਊਨੀਕੇਸ਼ਨਸ ਵਲੋਂ ਕੀਤਾ ਜਾ ਰਿਹਾ ਹੈ। ਇਸ ਕੰਪਨੀ ਦੀ ਸੀ.ਈ.ਓ. ਅਤੇ ਪ੍ਰੈਜ਼ੀਡੈਂਟ ਨੀਤਾ ਭਸੀਨ ਨੇ ਦੱਸਿਆ, “ਅਸੀਂ ਸੰਸਾਰ ਨੂੰ ਦਿਖਾਉਣਾ ਚਾਹੁੰਦੇ ਹਾਂ ਕਿ ਭਾਰਤੀ ਸੱਭਿਆਚਾਰ ਅਤੇ ਵਿਰਸਾ ਕਿੰਨਾ ਅਮੀਰ ਹੈ ਅਤੇ ਭਾਰਤ ’ਚ ਕਿੰਨੀ ਵੱਖਰਤਾ ਹੈ। ਅਸੀਂ ਇਸ ਸਮਾਰੋਹ ਲਈ ਬ੍ਰਹਿਮੰਡ ਦੇ ਕੇਂਦਰ ਟਾਈਮਸ ਸਕੁਏਅਰ ਤੋਂ ਵਧੀਆ ਥਾਂ ਬਾਰੇ ਸੋਚ ਵੀ ਨਹੀਂ ਸਕਦੇ ਸੀ।”

# ਸਿੱਖ ਉਮੀਦਵਾਰ ਦੀ ਚੋਣ ਦਾ ਸੁਆਗਤ

ਲੰਦਨ-ਯੂ.ਕੇ. ਸਿੱਖ ਕੌਂਸਲ ਦੇ ਸਕੱਤਰ ਜਨਰਲ ਗੁਰਮੇਲ ਸਿੰਘ ਨੇ ਕਿਹਾ ਹੈ, “ਇਕ ਪ੍ਰਮੁੱਖ ਰਾਜਨੀਤਕ ਦਲ ਵਲੋਂ ਜਾਣ ਵਾਲੀ ਸੀਟ ਲਈ ਇਕ ਗੁਰਸਿੱਖ ਉਮੀਦਵਾਰ ਦੀ ਚੋਣ ਇਕ ਵਧੀਆ ਖ਼ਬਰ ਹੈ। ਇੰਨੀ ਛੋਟੀ ਉਮਰ ’ਚ ਤਨਮਨਜੀਤ ਸਿੰਘ ਨੂੰ ਰਾਜਨੀਤਕ ਖੇਤਰ ’ਚ ਕਾਫੀ ਤਜਰਬਾ ਹੈ ਅਤੇ ਉਹ ਇਕ ਵਧੀਆ ਐਮ.ਪੀ. ਸਾਬਤ ਹੋਵੇਗਾ।”



“ਤਨਮਨਜੀਤ ਸਿੰਘ ਆਪਣੇ ਭਾਈਚਾਰੇ ਲਈ ਅਸਲ ’ਚ ਇਕ ਰੋਲ ਮਾਡਲ ਹੈ। ਮੈਂ ਆਸ ਕਰਦਾ ਹਾਂ ਕਿ ਨੌਜਵਾਨ ਸਿੱਖ ਉਸ ਤੋਂ ਪ੍ਰੇਰਣਾ ਲੈਣਗੇ ਅਤੇ ਆਪਣੇ ਭਾਈਚਾਰੇ ’ਚ ਰੁੱਝ ਕੇ ਰਾਜਨੀਤੀ ਨੂੰ ਆਪਣਾ ਕੈਰੀਅਰ ਬਣਾਉਣਗੇ। ਅਸੀਂ 2015 ਦੀਆਂ ਚੋਣਾਂ ’ਚ ਉਸ ਵਲੋਂ ਵਧੀਆ ਕੰਮ ਦੀ ਆਸ ਕਰਦੇ ਹਾਂ।” ਗੁਰਮੇਲ ਸਿੰਘ ਨੇ ਅੱਗੇ ਕਿਹਾ।

2007 ਤੋਂ ਤਨਮਨਜੀਤ ਗ੍ਰੇਵਸ਼ੈਨ ਕੌਂਸਲ ਦੇ ਨਾਰਥਫਲੀਟ ਨਾਰਥ ਵਾਰਡ ਲਈ ਕੌਂਸਲਰ ਰਿਹਾ ਹੈ ਅਤੇ ਵਰਤਮਾਨ ’ਚ ਉਹ ਗ੍ਰੇਵਸ਼ੈਨ ਬਰੋ ਕੌਂਸਲ ਕੈਬਿਨੇਟ ਦਾ ਪ੍ਰਮੁੱਖ ਮੈਂਬਰ ਹੈ। ਉਸਨੇ 2011 ਤੋਂ 2012 ਤੱਕ ਗ੍ਰੇਵਸ਼ੈਨ ਦੇ ਮੇਅਰ ਵਜੋਂ ਸੇਵਾਵਾਂ ਦਿੱਤੀਆਂ ਹਨ ਅਤੇ ਉਹ ਹੁਣ ਤੱਕ ਦਾ ਸਭ ਤੋਂ ਘੱਟ ਉਮਰ ਦਾ ਸਿੱਖ ਮੇਅਰ ਰਿਹਾ ਹੈ।

ਸਿੱਖ ਕੌਂਸਲ ਯੂ.ਕੇ. ਦੇ ਪੋਲਿਟਿਕਲ ਐਂਗੇਜਮੈਂਟ ਦੇ ਪ੍ਰਧਾਨ ਗੁਰਿੰਦਰ ਸਿੰਘ ਜੋਸਨ ਨੇ ਕਿਹਾ, “ਸਾਡੀ ਕੌਂਸਲ ਨੇ ਦੇਖਿਆ ਹੈ ਕਿ ਸਾਰੇ ਰਾਜਨੀਤਕ ਦਲਾਂ ’ਚ ਚੁਣੇ ਗਏ ਅਹੁਦਿਆਂ ’ਤੇ ਸਿੱਖਾਂ ਦੀ ਘਾਟ ਹੈ ਅਤੇ ਅਸੀਂ ਇਕ ਪੋਲਿਟੀਕਲ ਐਂਗੇਜਮੈਂਟ ਪ੍ਰੋਗਰਾਮ ਚਲਾਇਆ ਹੈ। ਅਸੀਂ ਚਾਹੁੰਦੇ ਹਾਂ ਕਿ ਸਾਰੀਆਂ ਰਾਜਨੀਤਕ ਪਾਰਟੀਆਂ ਵਲੋਂ ਜਿੱਤੀਆਂ ਜਾਣ ਯੋਗ ਸੀਟਾਂ ’ਤੇ ਸਿੱਖਾਂ ਨੂੰ ਉਮੀਦਵਾਰਾਂ ਵਜੋਂ ਚੁਣਿਆ ਜਾਵੇ। ਲੇਬਰ ਅਤੇ ਕੰਜ਼ਰਵੇਟਿਵ ਪਾਰਟੀ ਹੈਡਕੁਆਰਟਰਾਂ ਵਿਖੇ ਸਾਡੇ ਸਮਾਰੋਹਾਂ ਨੇ ਦਿਖਾਇਆ ਹੈ ਕਿ ਕਈ ਪ੍ਰਤਿਭਾਸ਼ਾਲੀ ਅਤੇ ਤਜ਼ਰਬੇਕਾਰ ਸਿੱਖ ਹਨ ਜੋ ਸਾਰੇ ਪੱਧਰਾਂ ’ਤੇ ਸ਼ਾਨਦਾਰ ਨੁਮਾਇੰਦਗੀ ਦੇ ਸਕਦੇ ਹਨ।”

ਜ਼ਿਕਰਯੋਗ ਹੈ ਕਿ ਤਨਮਨਜੀਤ ਸਿੰਘ ਦਾ ਸਬੰਧ ਜਲੰਧਰ ਜ਼ਿਲ੍ਹੇ ਦੇ ਪਿੰਡ ਰਾਏਪੁਰ ਦੇ ਢੇਸੀ ਪਰਿਵਾਰ ਨਾਲ ਹੈ। ਉਸ ਦੇ ਪਿਤਾ ਜਸਪਾਲ ਸਿੰਘ ਢੇਸੀ ਯੂ.ਕੇ. ’ਚ ਬਿਜ਼ਨਸਮੈਨ ਹਨ।